# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ.....5098...../ਸੀ.ਓ.ਈ.
ਮਿਤੀ.....06/12/2020

## ਜ਼ਰੂਰੀ ਸੂਚਨਾ

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ/ਕੋਆਰਡੀਨੇਟਰ ਸਾਹਿਬਾਨ,

ਯੂਨੀਵਰਸਿਟੀ ਵੱਲੋਂ ਉਨਾਂ ਵਿਦਿਆਰਥੀਆਂ ਨੂੰ ਜੋ ਮਈ, 2020 ਦੀਆਂ ਪ੍ਰੀਖਿਆਵਾਂ ਲਈ ਸਮੇਂ-ਸਿਰ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫ਼ੀਸ ਨਹੀਂ ਭਰ ਸਕੇ ਸਨ, ਇੱਕ ਮੌਕਾ ਦਿੰਦੇ ਹੋਏ ਇਹ ਪ੍ਰੀਖਿਆ ਦੇਣ ਲਈ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫ਼ੀਸ ਭਰਵਾਈ ਗਈ ਸੀ। ਸਾਰੇ ਕੋਰਸਾਂ ਦੇ ਅਖੀਰਲੇ ਸਮੈਸਟਰ/ਸਾਲ ਦੀ ਪ੍ਰੀਖਿਆ ਲਈ ਜਿਨਾਂ ਵਿਦਿਆਰਥੀਆਂ ਨੇ ਇਸ ਮੌਕੇ ਤਹਿਤ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫ਼ੀਸ ਭਰੀ ਹੈ, ਉਨਾਂ ਦੀਆਂ ਪ੍ਰੀਖਿਆਵਾਂ 08 ਦਸੰਬਰ, 2020 ਤੋਂ ਕਰਵਾਉਣ ਲਈ ਡੇਟ-ਸ਼ੀਟ ਜਾਰੀ ਕੀਤੀ ਗਈ ਸੀ। 08 ਦਸੰਬਰ, 2020 ਨੂੰ ਭਾਰਤ ਬੰਦ ਦੇ ਸੱਦੇ ਦੇ ਮੱਦੇ-ਨਜ਼ਰ ਇਸ ਦਿਨ ਹੋਣ ਵਾਲੀ ਪ੍ਰੀਖਿਆਵਾਂ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ ਤਾਂ ਜੋ ਵਿਭਾਗਾਂ/ਕਾਲਜਾਂ ਦੇ ਸਟਾਫ਼ ਨੂੰ ਪੇਪਰ ਕੰਡਕਟ ਕਰਵਾਉਣ ਅਤੇ ਵਿਦਿਆਰਥੀਆਂ ਨੂੰ ਪ੍ਰੀਖਿਆ ਦੇਣ ਵਿੱਚ ਕੋਈ ਮੁਸ਼ਕਿਲ ਨਾ ਆਵੇ। 08 ਦਸੰਬਰ, 2020 ਨੂੰ ਹੋਣ ਵਾਲੀ ਪ੍ਰੀਖਿਆਵਾਂ ਹੁਣ 13 ਦਸੰਬਰ, 2020 (ਐਤਵਾਰ) ਨੂੰ ਹੋਣਗੀਆਂ। ਇਸ ਸਬੰਧੀ ਰਿਵਾਇਜ਼ਡ ਡੇਟ-ਸ਼ੀਟਾਂ ਯੂਨੀਵਰਸਿਟੀ ਵੈਬਸਾਈਟ ਤੇ ਜਲਦੀ ਹੀ ਅਪਲੋਡ ਕਰ ਦਿੱਤੀਆਂ ਜਾਣਗੀਆਂ। ਬਾਕੀ ਦੀਆਂ ਸਾਰੀਆਂ ਪ੍ਰੀਖਿਆਵਾਂ ਯੂਨੀਵਰਸਿਟੀ ਵੱਲੋਂ ਪਹਿਲਾਂ ਤੋਂ ਜਾਰੀ ਡੇਟ-ਸ਼ੀਟਾਂ ਅਨੁਸਾਰ ਹੋਣਗੀਆਂ।

6/12/2020

ਕੰਟਰੋਲਰ (ਪ੍ਰੀਖਿਆਵਾਂ)